# ਆਈ. ਕੇ. ਗੁਜਰਾਲ ਪੰਜਾਬ ਟੈਕਨੀਕਲ ਯੂਨੀਵਰਸਿਟੀ, ਜਲੰਧਰ

## I.K. GUJRAL PUNJAB TECHNICAL UNIVERSITY, JALANDHAR

Ref. No. IKGPTU/AR/SW/2759 Date: 04-09-2020

ਪ੍ਰਿੰਸੀਪਲ /ਡਾਇਰੈਕਟਰ

ਆਈ.ਕੇ.ਜੀ.ਪੀ.ਟੀ.ਯੂ. ਨਾਲ ਸਬੰਧਿਤ ਸਾਰੇ Non-AICTE ਕਾਲਜ ਅਤੇ ਸਾਰੇ ਆਈ.ਕੇ.ਜੀ.ਪੀ.ਟੀ.ਯੂ. ਕੈਂਪਸ

ਵਿਸ਼ਾ:- ਘੱਟ ਗਿਣਤੀ ਭਾਈਚਾਰਿਆ ਦੇ ਵਿਦਿਆਰਥੀਆਂ ਨੂੰ ਸਰਕਾਰ ਵਲੋਂ ਦਿਤੀਆਂ ਜਾਂਦੀਆਂ ਸਹੂਲਤਾਂ ਬਾਰੇ ਜਾਣਕਾਰੀ ਦੇਣ ਲਈ ਲਈ ਵਿਦਿਅਕ ਅਦਾਰਿਆਂ ਵਿੱਚ ਫਲੈਕਸ ਬੋਰਡ ਲਗਾਉਣ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਡਾਇਰੈਕਟਰ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ, ਚੰਡੀਗੜ੍ਹ ਵਲੋਂ ਜਾਰੀ ਪੱਤਰ ਨੰ:: file no. DTE-SBOPMS(SC)/7/2020-SCHOLARSHIP I/71899/2020 ਪ੍ਰਾਪਤ ਹੋਇਆ ਹੈ, ਜਿਸ ਨਾਲ ਉਹਨਾਂ ਵਲੋਂ ਪੰਜਾਬ ਰਾਜ ਘੱਟ ਗਿਣਤੀ ਕਮਿਸ਼ਨ, ਐਸ. ਏ. ਐਸ ਨਗਰ ਵਲੋਂ ਜਾਰੀ ਪੱਤਰ ਮੀਮੋ ਨੰ: 01-ਫੁਟਕਲ -2020/423 ਮਿਤੀ 14/07-2020 ਦੀ ਕਾਪੀ ਭੇਜਦੇ ਹੋਏ ਘੱਟ ਗਿਣਤੀ ਭਾਈਚਾਰਿਆ ਦੇ ਵਿਦਿਆਰਥੀਆਂ ਨੂੰ ਸਰਕਾਰ ਵਲੋਂ ਦਿਤੀਆਂ ਜਾਂਦੀਆਂ ਸਹੂਲਤਾਂ ਬਾਰੇ ਜਾਣਕਾਰੀ ਦੇਣ ਲਈ ਲਈ ਵਿਦਿਅਕ ਅਦਾਰਿਆਂ ਵਿੱਚ ਫਲੈਕਸ ਬੋਰਡ ਲਗਾਉਣ ਸਬੰਧੀ ਲਿਖਿਆ ਗਿਆ ਹੈ। (ਪੱਤਰ ਦੀ ਕਾਪੀ ਨਾਲ ਨੱਥੀ ਹੈ)

ਆਪਜੀ ਨੂੰ ਲਿਖਿਆ ਜਾਂਦਾ ਹੈ ਕਿ ਪੰਜਾਬ ਸਰਕਾਰ ਦੇ ਹੁਕਮਾਂ ਦੀ ਇੰਨ-ਬਿੰਨ ਕੀਤੀ ਜਾਵੇ ਜੀ।

04/09/2020.

ਸਹਾਇਕ ਰਜਿਸਟਰਾਰ
ਵਿਦਿਆਰਥੀ ਭਲਾਈ ਵਿਭਾਗ

ਉਤਾਰਾ:-

1. ਰਜਿਸਟਰਾਰ (ਜਾਣਕਾਰੀ ਹਿੱਤ)
2. ਡੀਨ, ਵਿਦਿਆਰਥੀ ਭਲਾਈ ਵਿਭਾਗ
3. ਸੰਯੁਕਤ ਰਜਿਸਟਰਾਰ, ਵਿਦਿਆਰਥੀ ਭਲਾਈ ਵਿਭਾਗ
4. ਮੁਖੀ, ITS ਵਿਭਾਗ (ਵੈਬ-ਸਾਈਟ ਤੇ ਪਾਉਣ ਲਈ)

ਪੰਜਾਬ ਸਰਕਾਰ
ਪੰਜਾਬ ਰਾਜ ਘੱਟ ਗਿਣਤੀ ਕਮਿਸ਼ਨ
ਵਣ ਭਵਨ, ਸੈਕਟਰ-68, ਐਸ.ਏ.ਐਸ. ਨਗਰ

ਸੇਵਾ ਵਿਖੇ

1. ਡਾਇਰੈਕਟਰ
ਸਿੱਖਿਆ ਵਿਭਾਗ, ਕਾਲਜ਼ਾਂ ਪੰਜਾਬ,
ਐਸ.ਏ.ਐਸ. ਨਗਰ।

2. ਡਾਇਰੈਕਟਰ
ਸੈਕੰਡਰੀ ਸਿੱਖਿਆ ਵਿਭਾਗ, ਪੰਜਾਬ,
ਐਸ.ਏ.ਐਸ. ਨਗਰ।

3. ਡਾਇਰੈਕਟਰ
ਸਿੱਖਿਆ ਵਿਭਾਗ, ਐਲੀਮੈਂਟਰੀ ਪੰਜਾਬ,
ਐਸ.ਏ.ਐਸ. ਨਗਰ।

4. ਡਾਇਰੈਕਟਰ,
ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ
ਸੈਕਟਰ 36, ਚੰਡੀਗੜ੍ਹ।

5. ਡਾਇਰੈਕਟਰ,
ਮੈਡੀਕਲ ਸਿੱਖਿਆ ਅਤੇ ਖੋਜ ਵਿਭਾਗ ਪੰਜਾਬ,
ਸੈਕਟਰ 69, ਐਸ.ਏ.ਐਸ. ਨਗਰ।

ਮੀਮੋ ਨੰ: 01-ਫੁਟਕਲ-2020/ 423
ਮਿਤੀ 14/7/20

**ਵਿਸ਼ਾ :-** **ਘੱਟ ਗਿਣਤੀ ਭਾਈਚਾਰਿਆਂ ਦੇ ਵਿਦਿਆਰਥੀਆਂ ਨੂੰ ਸਰਕਾਰ ਵੱਲੋਂ ਦਿੱਤੀਆਂ ਜਾਂਦੀਆਂ ਸਹੂਲਤਾ ਬਾਰੇ ਜਾਣਕਾਰੀ ਦੇਣ ਲਈ ਵਿਦਿਅਕ ਅਦਾਰਿਆਂ ਵਿਚ ਫਲੈਕਸ ਬੋਰਡ ਲਗਵਾਉਣ ਸਬੰਧੀ।**

***

ਉਪਰੋਕਤ ਵਿਸੇ ਤੇ ਕਮਿਸ਼ਨ ਦੇ ਪੱਤਰ ਨੰ: 01-ਫੁਟਕਲ-2020/246-250, ਮਿਤੀ 02-06-2020 ਦੇ ਹਵਾਲੇ ਵਿਚ ।

2. ਕਮਿਸ਼ਨ ਵੱਲੋਂ ਜ਼ਾਰੀ ਕੀਤੇ ਉਪਰੋਕਤ ਹਵਾਲਾ ਪੱਤਰ ਰਾਹੀਂ ਆਪ ਨੂੰ ਬੇਨਤੀ ਕੀਤੀ ਗਈ ਸੀ ਕਿ ਆਪਣੇ ਅਧੀਨ ਸਮੂਹ ਸਰਕਾਰੀ, ਪ੍ਰਾਈਵੇਟ ਅਤੇ ਏਡਿਡ-ਵਿਦਿਅਕ ਅਦਾਰਿਆਂ ਦੇ ਪ੍ਰਿੰਸੀਪਲਾਂ ਨੂੰ ਹਦਾਇਤ ਕੀਤੀ ਜਾਵੇ ਕਿ ਘੱਟ ਗਿਣਤੀ ਭਾਈਚਾਰਿਆਂ ਨੂੰ ਭਾਰਤ ਸਰਕਾਰ ਅਤੇ ਪੰਜਾਬ ਸਰਕਾਰ ਵੱਲੋਂ ਦਿੱਤੀਆਂ ਜਾਂਦੀਆਂ ਸਹੂਲਤਾਂ/ਸਕੀਮਾਂ ਅਤੇ ਵਜ਼ੀਫਾ ਸਕੀਮਾਂ ਦੀ ਜਾਣਕਾਰੀ ਦੇਣ ਲਈ ਆਪਣੇ ਜ਼ਿਲੇ ਦੇ ਜ਼ਿਲਾ ਅਫਸਰ , ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ( ਜ਼ਿਲਾ ਭਲਾਈ ਅਫਸਰ ) ਤੋਂ ਸਕੀਮਾਂ ਬਾਰੇ ਜਾਣਕਾਰੀ ਹਾਸਲ ਕਰਕੇ ਤੁਰੰਤ ਫਲੈਕਸ ਬੋਰਡ ਲਗਾਉਣੇ ਲਾਜ਼ਮੀ ਬਣਾਏ ਜਾਣ ।

3. ਇਸ ਸਬੰਧ ਵਿਚ ਕਮਿਸ਼ਨ ਵੱਲੋਂ ਫਲੈਕਸ ਬੋਰਡ ਤੇ ਲਿੱਖੀ ਜਾਣ ਵਾਲੀ ਸਮਗਰੀ ਡਾਇਰੈਕਟਰ, ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਵਿਭਾਗ ਤੋਂ ਪ੍ਰਾਪਤ ਕੀਤੀ ਗਈ। ਆਪ ਨੂੰ ਸਮਗਰੀ ਦੀ ਕਾਪੀ ਭੇਜ ਕੇ ਲਿਖਿਆ ਜਾਂਦਾ ਹੈ ਕਿ ਆਪਣੇ ਅਧੀਨ ਸਮੂਹ ਸਰਕਾਰੀ, ਪ੍ਰਾਈਵੇਟ ਅਤੇ ਏਡਿਡ ਵਿਦਿਅਕ ਅਦਾਰਿਆਂ ਵਿਚ ਫਲੈਕਸ ਬੋਰਡ ਤੁਰੰਤ ਲਗਵਾਉਣ ਲਈ ਵਿਦਿਅਕ ਅਦਾਰਿਆਂ ਦੇ ਪ੍ਰਿੰਸੀਪਲਾਂ ਨੂੰ ਹਦਾਇਤਾਂ ਜ਼ਾਰੀ ਕੀਤੀਆਂ ਜਾਣ। ਇਸ ਸਬੰਧ ਵਿਚ ਜ਼ਾਰੀ ਕੀਤੀਆਂ ਹਦਾਇਤਾਂ ਦੀ ਕਾਪੀ ਕਮਿਸ਼ਨ ਦੀ ਸੂਚਨਾਂ ਹਿੱਤ ਭੇਜੀ ਜਾਵੇ।

(ਇੰਮਾਨੂੰਏਲ ਨਾਹਰ )
ਚੇਅਰਮੈਨ, ਪੰਜਾਬ ਰਾਜ ਘੱਟ ਗਿਣਤੀ ਕਮਿਸ਼ਨ

Scanned with CamScanner

**(ੲ) ਘੱਟ ਗਿਣਤੀ ਵਰਗ ਦੇ ਪ੍ਰੀ-ਮੈਟ੍ਰਿਕ ਕਲਾਸਾਂ ਵਿੱਚ ਪੜ੍ਹ ਰਹੇ ਵਿਦਿਆਰਥੀਆਂ ਲਈ ਵਜ਼ੀਫਾ ਸਕੀਮ (100% ਕੇਂਦਰੀ ਪ੍ਰਯੋਜਿਤ ਸਕੀਮ):-**

ਇਹ ਸਕੀਮ ਮਿਤੀ 01.04.2008 ਤੋਂ ਭਾਰਤ ਸਰਕਾਰ ਘੱਟ ਗਿਣਤੀ ਮੰਤਰਾਲੇ, ਨਵੀਂ ਦਿੱਲੀ ਵੱਲੋਂ ਸ਼ੁਰੂ ਕੀਤੀ ਗਈ ਹੈ। ਭਾਰਤ ਸਰਕਾਰ ਵੱਲੋਂ ਅਧਿਸੂਚਿਤ ਘੱਟ ਗਿਣਤੀ ਵਰਗ ਨਾਲ ਸਬੰਧਤ ਸਰਕਾਰੀ ਸਕੂਲਾਂ/ਸੰਸਥਾਵਾਂ ਜਾਂ ਪ੍ਰਾਈਵੇਟ ਸਕੂਲਾਂ/ਮਾਨਤਾ ਪ੍ਰਾਪਤ ਸੰਸਥਾਵਾਂ ਵਿੱਚ ਪਹਿਲੀ ਤੋਂ ਦੱਸਵੀਂ ਜਮਾਤ ਵਿੱਚ ਪੜ੍ਹ ਰਹੇ ਵਿਦਿਆਰਥੀਆਂ, ਜਿਨ੍ਹਾਂ ਦੇ ਪਿਛਲੀ ਕਲਾਸ ਵਿੱਚ 50% ਜਾਂ ਇਸ ਤੋਂ ਵੱਧ ਅੰਕ ਪ੍ਰਾਪਤ ਕੀਤੇ ਹਨ ਅਤੇ ਉਨ੍ਹਾਂ ਦੇ ਮਾਪਿਆਂ ਦੀ ਸਲਾਨਾ ਆਮਦਨ ਸਾਰੇ ਵਸੀਲਿਆਂ ਤੋਂ 1.00 ਲੱਖ ਰੁਪਏ ਤੋਂ ਵੱਧ ਨਾਂ ਹੋਵੇ ਨੂੰ ਹੇਠ ਲਿਖੀਆਂ ਦਰਾਂ ਤੇ ਦਾਖਲਾ ਫੀਸ, ਟਿਊਸ਼ਨ ਫੀਸ ਅਤੇ ਮੈਂਟੀਨੈਂਸ ਅਲਾਊਂਸ ਦਿੱਤਾ ਜਾਂਦਾ ਹੈ:-

| ਲੜੀ ਨੰ: | ਆਈਟਮ | ਹੋਸਟਲਰ ਲਈ | ਡੇ-ਸਕਾਲਰਜ ਲਈ |
|---|---|---|---|
| 1. | ਦਾਖਲਾ ਫੀਸ (6ਵੀਂ ਤੋਂ 10ਵੀਂ ਜਮਾਤ) | 500/- ਰੁ: ਸਾਲਾਨਾ (ਅਸਲ ਵਿੱਚ ਜਮ੍ਹਾਂ ਕਰਵਾਈ ਹੱਦ ਤੱਕ) | 500/- ਰੁ: ਸਾਲਾਨਾ (ਅਸਲ ਵਿੱਚ ਜਮ੍ਹਾਂ ਕਰਵਾਈ ਹੱਦ ਤੱਕ) |
| 2. | ਟਿਊਸ਼ਨ ਫੀਸ (6ਵੀਂ ਤੋਂ 10ਵੀਂ ਜਮਾਤ) | 350/- ਰੁ: ਪ੍ਰਤੀ ਮਹੀਨਾਂ ਜਾਂ ਅਸਲ ਵਿੱਚ ਜਮ੍ਹਾਂ ਕਰਵਾਈ ਰਾਸ਼ੀ। | |
| 3. | ਮੈਂਟੀਨੈਂਸ ਅਲਾਊਂਸ (ਵਿਦਿਅੱਕ ਸਾਲ ਵਿੱਚ ਸਾਲ ਵਿੱਚ 10 ਮਹੀਨਿਆਂ ਲਈ) | | |
| | ੳ. ਪਹਿਲੀ ਤੋਂ ਪੰਜਵੀਂ ਜਮਾਤ। | -ਨਿੱਲ- | 100/- ਰੁ: ਪ੍ਰਤੀ ਮਹੀਨਾ |
| | ਅ. ਛੇਂਵੀ ਤੋਂ ਦਸਵੀਂ ਜਮਾਤ। | 600/- ਰੁ: ਪ੍ਰਤੀ ਮਹੀਨਾ ਜਾਂ ਅਸਲ ਵਿੱਚ ਅਦਾ ਕੀਤੀ ਗਈ ਰਾਸ਼ੀ। | 100/- ਰੁ: ਪ੍ਰਤੀ ਮਹੀਨਾ ਜਾਂ ਅਸਲ ਵਿੱਚ ਅਦਾ ਕੀਤੀ ਗਈ ਰਾਸ਼ੀ। |

ਇਸ ਸਕੀਮ ਅਧੀਨ ਘੱਟ ਗਿਣਤੀ ਵਰਗ ਦੇ ਵਿਦਿਆਰਥੀ ਸਕਾਲਰਸ਼ਿਪ ਦਾ ਫਾਰਮ ਆਨਲਾਈਨ ਨੈਸ਼ਨਲ ਸਕਾਲਰਸ਼ਿਪ ਪੋਰਟਲ www.scholarships.gov.in ਤੇ ਜਾ ਕੇ ਭਰਨਗੇ ਅਤੇ ਯੋਗ ਵਿਦਿਆਰਥੀਆਂ ਨੂੰ ਵਜੀਫੇ ਦੀ ਅਦਾਇਗੀ DBT ਮੋਡ ਰਾਹੀਂ ਸਿੱਧੇ ਉਨ੍ਹਾਂ ਦੇ ਬੈਂਕ ਖਾਤਿਆਂ ਵਿੱਚ ਭਾਰਤ ਸਰਕਾਰ ਘੱਟ ਗਿਣਤੀ ਮੰਤਰਾਲੇ, ਨਵੀਂ ਦਿੱਲੀ ਵੱਲੋਂ ਕੀਤੀ ਜਾਵੇਗੀ।

Scanned with CamScanner

(ਅ) ਘੱਟ ਗਿਣਤੀ ਵਰਗ ਦੇ ਪੋਸਟ ਮੈਟ੍ਰਿਕ ਕਲਾਸਾਂ ਵਿੱਚ ਪੜ੍ਹ ਰਹੇ ਵਿਦਿਆਰਥੀਆਂ ਲਈ ਵਜੀਫਾ ਸਕੀਮ (100% ਕੇਂਦਰੀ ਪ੍ਰਾਯੋਜਿਤ ਸਕੀਮ):-

ਇਹ ਸਕੀਮ ਮਿਤੀ 29.11.2007 ਤੋਂ ਮਨਿਸਟਰੀ ਆਫ ਮਨਿਓਰਟੀ ਅਫੇਅਰਜ, ਭਾਰਤ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਹੈ, ਜਿਸਦਾ ਮੁੱਖ ਮਕਸਦ ਘੱਟ ਗਿਣਤੀ ਵਰਗ (ਸਿੱਖ, ਮੁਸਲਿਮ, ਈਸਾਈ, ਬੋਧੀ, ਪਾਰਸੀ ਅਤੇ ਜੈਨੀ) ਨਾਲ ਸਬੰਧਤ ਜੋ 11ਵੀਂ ਅਤੇ 12ਵੀਂ ਪੱਧਰ ਤੇ ਤਕਨੀਕੀ ਕੋਰਸ ਅਤੇ ਵੋਕੇਸ਼ਨਲ ਕੋਰਸ, ਅੰਡਰ ਗਰੈਜੂਏਟ, ਐਮ.ਫਿਲ ਅਤੇ ਪੀ.ਐਚ.ਡੀ ਸ਼੍ਰੇਣੀਆਂ ਦੇ ਮਾਨਤਾ ਪ੍ਰਾਪਤ ਸੰਸਥਾਵਾਂ ਵਿੱਚ ਪੜ੍ਹ ਰਹੇ ਅਜਿਹੇ ਵਿਦਿਆਰਥੀਆਂ, ਜਿਨ੍ਹਾਂ ਦੇ ਪਿਛਲੇ ਸਾਲ ਦੇ ਇਮਤਿਹਾਨ ਵਿੱਚ 50% ਤੋਂ ਘੱਟ ਨੰਬਰ ਨਾ ਹੋਣ ਅਤੇ ਉਨ੍ਹਾਂ ਦੇ ਮਾਪਿਆਂ ਦੀ ਸਾਲਾਨਾ ਆਮਦਨ 2.00 ਲੱਖ ਰੁ: ਤੋਂ ਜਿਆਦਾ ਨਾ ਹੋਵੇ, ਨੂੰ ਵਜੀਫਾ ਦੇਣਾ ਹੈ। ਇਸ ਸਕੀਮ ਅਧੀਨ ਮਿਲਣ ਵਾਲਾ ਵਜੀਫਾ/ਵਿੱਤੀ ਸਹਾਇਤਾ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

| ਲੜੀ ਨੰ: | ਆਈਟਮ | ਹੋਸਟਲਰ ਲਈ | ਡੇ-ਸਕਾਲਰਜ ਲਈ |
|---|---|---|---|
| 1. | 10+1 ਅਤੇ 10+2 ਲਈ ਦਾਖਲਾ ਅਤੇ ਟਿਊਸ਼ਨ ਫੀਸ | ਵੱਧ ਤੋਂ ਵੱਧ 7,000/- ਰੁਪਏ ਪ੍ਰਤੀ ਸਾਲ | ਵੱਧ ਤੋਂ ਵੱਧ 7,000/- ਰੁਪਏ ਪ੍ਰਤੀ ਸਾਲ |
| 2. | 11ਵੀਂ ਅਤੇ 12ਵੀਂ ਪੱਧਰ ਦੇ ਤਕਨੀਕੀ, ਵੋਕੇਸ਼ਨਲ ਕੋਰਸਾਂ ਲਈ ਦਾਖਲਾ ਅਤੇ ਕੋਰਸ/ਟਿਊਸ਼ਨ ਫੀਸ | ਵੱਧ ਤੋਂ ਵੱਧ 10,000/- ਰੁਪਏ ਪ੍ਰਤੀ ਸਾਲ | ਵੱਧ ਤੋਂ ਵੱਧ 10,000/- ਰੁਪਏ ਪ੍ਰਤੀ ਸਾਲ |
| 3. | ਅੰਡਰ ਗਰੈਜੂਏਟ ਅਤੇ ਪੋਸਟ ਗਰੈਜੂਏਟ ਕਲਾਸਾਂ ਲਈ ਦਾਖਲਾ ਅਤੇ ਟਿਊਸਨ ਫੀਸ | ਵੱਧ ਤੋਂ ਵੱਧ 3,000/- ਰੁਪਏ ਪ੍ਰਤੀ ਸਾਲ | ਵੱਧ ਤੋਂ ਵੱਧ 3,000/- ਰੁਪਏ ਪ੍ਰਤੀ ਸਾਲ |
| 4. | ਮੈਂਟੀਨੈਂਸ ਅਲਾਊਂਸ (ਵਿਦਿਅੱਕ ਸਾਲ ਵਿੱਚ ਸਾਲ ਵਿੱਚ 10 ਮਹੀਨਿਆਂ ਲਈ) | | |
| | ੳ. 11ਵੀਂ ਅਤੇ 12ਵੀਂ ਜਮਾਤ ਅਤੇ ਇਸ ਪੱਧਰ ਦੇ ਤਕਨੀਕੀ ਅਤੇ ਵੋਕੇਸ਼ਨਲ ਕੋਰਸਾਂ ਲਈ | 380/- ਰੁਪਏ ਪ੍ਰਤੀ ਮਹੀਨਾਂ | 230/- ਰੁਪਏ ਪ੍ਰਤੀ ਮਹੀਨਾਂ |
| | ਅ. ਤਕਨੀਕੀ ਤੇ ਪੇਸ਼ਾਵਰ ਕੋਰਸਾਂ ਤੋਂ ਇਲਾਵਾ ਅੰਡਰ ਗਰੈਜੂਏਟ ਅਤੇ ਪੋਸਟ ਗਰੈਜੁਏਸ਼ਨ ਪੱਧਰ ਤੱਕ | 570/- ਰੁਪਏ ਪ੍ਰਤੀ ਮਹੀਨਾਂ | 300/- ਰੁਪਏ ਪ੍ਰਤੀ ਮਹੀਨਾਂ |
| | ੲ. ਐਮ ਫਿਲ ਅਤੇ ਪੀ.ਐਚ. ਡੀ.(ਅਜਿਹੇ ਰਿਸਰਚ ਜੋ ਪ੍ਰਤੀ ਮਹੀਨਾਂ ਕਿਸੇ ਯਨੀਵਰਸਿਟੀ ਜਾਂ ਕਿਸੇ ਹੋਰ ਅਥਾਰਿਟੀ ਜਾਂ ਕਿਸੇ ਹੋਰ ਅਥਾਰਿਟੀ ਵੱਲੋਂ ਸਨਮਾਨਤ ਨਾ ਕੀਤੇ ਗਏ ਹੋਣ। | 1,200/- ਰੁਪਏ ਪ੍ਰਤੀ ਮਹੀਨਾਂ | 550/- ਰੁਪਏ ਪ੍ਰਤੀ ਮਹੀਨਾਂ |

ਇਸ ਸਕੀਮ ਅਧੀਨ ਘੱਟ ਗਿਣਤੀ ਵਰਗ ਦੇ ਵਿਦਿਆਰਥੀ ਸਕਾਲਰਸ਼ਿਪ ਦਾ ਫਾਰਮ ਆਨਲਾਈਨ ਨੈਸ਼ਨਲ ਸਕਾਲਰਸ਼ਿਪ ਪੋਰਟਲ www.scholarships.gov.in ਤੇ ਜਾ ਕੇ ਭਰਨਗੇ ਅਤੇ ਯੋਗ ਵਿਦਿਆਰਥੀਆਂ ਨੂੰ ਵਜੀਫੇ ਦੀ ਅਦਾਇਗੀ DBT ਮੋਡ ਰਾਹੀਂ ਸਿੱਧੇ ਉਨ੍ਹਾਂ ਦੇ ਬੈਂਕ ਖਾਤਿਆਂ ਵਿੱਚ ਭਾਰਤ ਸਰਕਾਰ ਘੱਟ ਗਿਣਤੀ ਮੰਤਰਾਲੇ, ਨਵੀਂ ਦਿੱਲੀ ਵੱਲੋਂ ਕੀਤੀ ਜਾਵੇਗੀ।

Scanned with CamScanner

(ੲ) ਘੱਟ ਗਿਣਤੀ ਵਰਗ ਦੇ ਪੇਸ਼ਾਵਰਾਨਾ ਅਤੇ ਤਕਨੀਕੀ ਕੋਰਸਾਂ ਵਿੱਚ ਪੜ੍ਹ ਰਹੇ ਵਿਦਿਆਰਥੀਆਂ ਲਈ ਮੈਰਿਟ-ਕਮ -ਮੀਨਸ ਬੇਸਡ ਸਕਾਲਰਸ਼ਿਪ (100% ਕੇਂਦਰੀ ਪ੍ਰਾਯੋਜਿਤ ਸਕੀਮ):-

ਇਹ ਸਕੀਮ ਮਿਤੀ 21.06.2007 ਤੋਂ ਮਨਿਸਟਰੀ ਆਫ ਮਨਿਓਰਟੀ ਅਫੇਅਰਜ, ਭਾਰਤ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਹੈ, ਜਿਸਦਾ ਮੁੱਖ ਮਕਸਦ ਘੱਟ ਗਿਣਤੀ ਵਰਗ (ਸਿੱਖ, ਮੁਸਲਿਮ, ਈਸਾਈ, ਬੋਧੀ, ਪਾਰਸੀ ਅਤੇ ਜੈਨੀ) ਨਾਲ ਸਬੰਧਤ ਗਰੀਬ ਅਤੇ ਹੁਸ਼ਿਆਰ ਵਿਦਿਆਰਥੀ, ਜੋ ਵੱਖ-ਵੱਖ ਪੇਸ਼ਾਵਰਾਨਾ ਅਤੇ ਤਕਨੀਕੀ ਕੋਰਸਾਂ ਵਿੱਚ ਪੜ੍ਹ ਰਹੇ ਹਨ ਅਤੇ ਉਨ੍ਹਾਂ ਦੇ ਮਾਪਿਆਂ ਦੀ ਸਾਲਾਨਾ ਆਮਦਨ 2.50 ਲੱਖ ਰੁ: ਤੋਂ ਜਿਆਦਾ ਨਾ ਹੋਵੇ, ਨੂੰ ਮੈਰਿਟ ਕਮ ਮੀਨਜ ਬੇਸਡ ਸਕਾਲਰਸ਼ਿਪ ਮੁਹੱਈਆ ਕਰਵਾਇਆ ਗਿਆ ਹੈ:-

| ਲੜੀ ਨੰ: | ਵਿੱਤੀ ਸਹਾਇਤਾ ਦੀ ਕਿਸਮ | ਹੋਸਟਲਰ ਲਈ ਵਜੀਫੇ ਦੀ ਦਰ (ਸਲਾਨਾ) | ਡੇ-ਸਕਾਲਰਜ ਲਈ ਵਜੀਫੇ ਦੀ ਦਰ (ਸਾਲਾਨਾ) |
|---|---|---|---|
| 1. | ਮੈਂਟੀਨੈਂਸ ਅਲਾਊਂਸ (ਵਿਦਿਅੱਕ ਸਾਲ ਵਿੱਚ ਸਾਲ ਵਿੱਚ 10 ਮਹੀਨਿਆਂ ਲਈ) | 10,000/- ਰੁਪਏ (1,000/- ਰੁ: ਮਹੀਨਾ) | 5,000/- ਰੁਪਏ (500/- ਰੁ: ਮਹੀਨਾ) |
| 2. | ਕੋਰਸ ਫੀਸ * | 20,000/- ਰੁ: ਜਾਂ ਅਸਲ ਜੋ ਵੀ ਘੱਟ ਹੋਵੇ। | 20,000/- ਰੁ: ਜਾਂ ਅਸਲ ਜੋ ਵੀ ਘੱਟ ਹੋਵੇ। |
| | ਕੁੱਲ | 30,000/- ਰੁ: | 25,000/- ਰੁ: |

* ਨੈਸ਼ਨਲ ਲਿਸਟਡ ਸੰਸਥਾਵਾਂ (ਜਿਵੇਂ ਕਿ IITs, IIMs ਆਦਿ) ਦੀ ਪੂਰੀ ਕੋਰਸ ਫੀਸ ਦੀ ਭਰਪਾਈ ਭਾਰਤ ਸਰਕਾਰ ਵੱਲੋਂ ਕੀਤੀ ਜਾਂਦੀ ਹੈ।

ਇਸ ਸਕੀਮ ਅਧੀਨ ਘੱਟ ਗਿਣਤੀ ਵਰਗ ਦੇ ਵਿਦਿਆਰਥੀ ਸਕਾਲਰਸ਼ਿਪ ਦਾ ਫਾਰਮ ਆਨਲਾਈਨ ਨੈਸ਼ਨਲ ਸਕਾਲਰਸ਼ਿਪ ਪੋਰਟਲ www.scholarships.gov.in ਤੇ ਜਾ ਕੇ ਭਰਨਗੇ ਅਤੇ ਯੋਗ ਵਿਦਿਆਰਥੀਆਂ ਨੂੰ ਵਜੀਫੇ ਦੀ ਅਦਾਇਗੀ DBT ਮੋਡ ਰਾਹੀਂ ਸਿੱਧੇ ਉਨ੍ਹਾਂ ਦੇ ਬੈਂਕ ਖਾਤਿਆਂ ਵਿੱਚ ਭਾਰਤ ਸਰਕਾਰ ਘੱਟ ਗਿਣਤੀ ਮੰਤਰਾਲੇ, ਨਵੀਂ ਦਿੱਲੀ ਵੱਲੋਂ ਕੀਤੀ ਜਾਵੇਗੀ।

Scanned with CamScanner

ਵੱਲੋ

ਡਾਇਰੈਕਟਰ,

ਤਕਨੀਕੀ ਸਿਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ,

(ਤਕਨੀਕੀ ਸਿਖਿਆ ਵਿੰਗ) ਪੰਜਾਬ, ਚੰਡੀਗੜ੍ਹ।

ਸੇਵਾ ਵਿਖੇ

ਰਜਿਸਟਰਾਰ

1 ਪੰਜਾਬ ਤਕਨੀਕੀ ਯੂਨੀਵਰਸਿਟੀ, ਜਲੰਧਰ।

2 ਡਾ: ਬੀ.ਆਰ. ਅੰਬੇਦਕਰ ਨੈਸ਼ਨਲ ਇਸ: ਆਫ ਟੈਕ: ਜਲੰਧਰ।

3 ਇੰਡੀਅਨ ਇੰਸ: ਆਫ ਟੈਕ:, ਰੋਪੜ।

4 ਸੰਤ ਲੋਗੋਂਵਾਲ ਇੰਸ: ਆਫ ਇੰਜੀ: ਅਤੇ ਟੈਕ:, ਸੰਗਰੂਰ।

5 ਨੈਸ਼ਨਲ ਇੰਸ: ਆਫ ਫਾਰਮੈਸਿਊਟੀਕਲ ਐਜੂਕੇਸ਼ਨ ਐਂਡ ਰਿਸਰਚ, ਮੋਹਾਲੀ।

6 ਥਾਪਰ ਯੂਨੀਵਰਸਿਟੀ, ਪਟਿਆਲਾ

7 ਮਹਾਰਾਜਾ ਰਣਜੀਤ ਸਿੰਘ ਸਟੇਟ ਟੈਕਨੀਕਲ, ਯੂਨੀਵਰਸਿਟੀ, ਬਠਿੰਡਾ।

8 ਸੈਂਟਰਲ ਇੰਸ: ਆਫ ਪਲਾਸਟਿਕ ਇੰਸ: ਐਂਡ ਟੈਕਨਾਲੋਜੀ, ਅੰਮ੍ਰਿਤਸਰ।

9-24 ਪ੍ਰਿੰਸੀਪਲ, ਸਰਕਾਰੀ ਬਹੁਤਕਨੀਕੀ ਕਾਲਜ, ਅੰਮ੍ਰਿਤਸਰ, ਬਠਿੰਡਾ, ਬਟਾਲਾ,ਬਹਿਰਾਮ, ਬੋਗੋਵਾਲ, ਬਰੇਟਾ, ਭਿੱਖੀਵਿੰਡ, ਹੁਸ਼ਿਆਰਪੁਰ, ਜੀ.ਟੀ.ਬੀ.ਗੜ, ਫਤੂਹੀਖੇੜਾ, ਰਾਂਣਵਾ, ਖੂਨੀਮਾਜਰਾ, ਕੋਟਕਪੂਰਾ, ਫਿਰੋਜਪੁਰ, ਬਡਬਰ ਅਤੇ ਤਲਵਾ

25-30 ਪ੍ਰਿੰਸੀਪਲ, ਸਰਕਾਰੀ ਬਹੁਤਕਨੀਕੀ ਕਾਲਜ ਲੜਕੀਆਂ, ਅਮ੍ਰਿਤਸਰ, ਜਲੰਧਰ, ਦੀਨਾਨਗਰ, ਪਟਿਆਲਾ, ਲੁਧਿਆਣਾ ਅਤੇ ਰੋਪੜ।

31 ਪ੍ਰਿੰਸੀਪਲ, ਗੋਰਮਿੰਟ ਇੰਸ: ਆਫ ਟੈਕਸਟਾਈਲ ਕੈਮਿਸਟਰੀ ਅਤੇ ਨਿਟਿੰਗ ਟੈਕ:,ਲੁਧਿਆਣਾ।

ਵਿਸ਼ਾ: ਘੱਟ ਗਿਣਤੀ ਭਾਈਚਾਰਿਆਂ ਦੇ ਵਿਦਿਆਰਥੀਆਂ ਨੂੰ ਸਰਕਾਰ ਵੱਲੋਂ ਦਿੱਤੀਆਂ ਜਾਂਦੀਆਂ ਸਹੂਲਤਾਂ ਬਾਰੇ ਜਾਣਕਾਰੀ ਦੇਣ ਲਈ ਵਿਦਿਅਕ ਅਦਾਰਿਆਂ ਵਿੱਚ ਫਲੈਕਸ ਬੋਰਡ ਲਗਾਉਣ ਸਬੰਧੀ।

ਹਵਾਲਾ:- ਇਸ ਦਫਤਰ ਦੀ ਮੀਮੋ ਨੰ: 56565 ਮਿਤੀ 29.7.2020 ਦਿੀ ਲਗਾਤਾਰਤਾ ਵਿੱਚ ਉਪਰੋਕਤ ਵਿਸ਼ੇ ਤੇ।

ਇਸ ਰਾਹੀਂ ਆਪਨੂੰ ਚੇਅਰਮੈਨ, ਪੰਜਾਬ ਸਰਕਾਰ ਪੰਜਾਬ ਰਾਜ ਘੱਟ ਗਿਣਤੀ ਕਮਿਸ਼ਨ ਵਣ ਭਵਨ, ਸੈਕਟਰ 68, ਐਸ.ਏ.ਐਸ. ਨਗਰ ਮੋਹਾਲੀ, ਦਾ ਪੱਤਰ ਨੰ: 01-ਫੁਟਕਲ-2020/423 ਮਿਤੀ 14.7.2020 ਦੀ ਕਾਪੀ ਸਹਿਪੱਤਰਾਂ ਸਮੇਤ ਭੇਜਦਿਆਂ ਬੇਨਤੀ ਕੀਤੀ ਜਾਂਦੀ ਹੈ ਕਿ ਆਪਣੀ ਅਤੇ ਆਪਣੇ ਅਧੀਨ

ਆਉਂਦੀਆਂ ਸੰਸਥਾਵਾਂ ਨੂੰ ਪੱਤਰ ਵਿੱਚ ਦਰਸਾਈ ਸਮਗਰੀ ਨੂੰ ਫਲੈਕਸ ਬੋਰਡ ਤੇ ਲਿੱਖਦਿਆਂ ਫਲੈਕਸ ਬੋਰਡ ਤੁਰੰਤ ਲਗਵਾਉਣੇ ਯਕੀਨੀ ਬਣਾਏ ਜਾਣ ਜੀ।

Harinder Pal Singh

Addl Director

#ApprovedDat

ਉਪਰੋਕਤ ਦਾ ਉਤਾਰਾ ਚੇਅਰਮੈਨ, ਪੰਜਾਬ ਸਰਕਾਰ ਪੰਜਾਬ ਰਾਜ ਘੱਟ ਗਿਣਤੀ ਕਮਿਸ਼ਨ ਵਣ ਭਵਨ, ਸੈਕਟਰ 68, ਐਸ.ਏ.ਐਸ. ਨਗਰ ਮੋਹਾਲੀ, ਨੂੰ ਉਨਾਂ ਦੇ ਪੱਤਰ ਨੰ: 01-ਫੁਟਕਲ-2020/423 ਮਿਤੀ 14.7.2020 ਦੇ ਹਵਾਲੇ ਵਿੱਚ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

Harinder Pal Singh

Addl Director

02/09/2020